ਪੰਜਾਬ ਸਰਕਾਰ
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ
(ਚੌਲ ਸ਼ਾਖਾ)

ਸੇਵਾ ਵਿਖੇ

ਸਮੂਹ ਡਿਪਟੀ ਡਾਇਰੈਕਟਰਜ਼ ਅਤੇ ਜ਼ਿਲਾ ਕੰਟਰੋਲਰਜ਼,
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਰਾਜ ਵਿੱਚ।

ਮੀਮੋ ਨੰ:ਆਰ.ਪੀ.1ਚ(30)-2018/ 3855
ਮਿਤੀ, ਚੰਡੀਗੜ੍ਹ: 10/10/18

ਵਿਸ਼ਾ: ਖਰੀਫ ਸੀਜ਼ਨ 2018-19 ਦੌਰਾਨ ਚੌਲ ਮਿੱਲਾਂ ਵਲੋਂ ਲੋੜ ਅਨੁਸਾਰ ਜ਼ਮੀਨ ਉਪਲਬਧ ਕਰਵਾਉਣ ਅਤੇ 100% ਜ਼ਮੀਨ ਲੀਜ਼ ਤੇ ਹੋਣ ਸਬੰਧੀ ਕੇਸਾਂ ਵਿੱਚ ਜ਼ਿਲਾ ਦਫਤਰਾਂ/ਮਿੱਲਰਾਂ ਵਲੋਂ ਮੰਗੇ ਗਏ ਸਪਸ਼ਟੀਕਰਨ ਜਾਰੀ ਕਰਨ ਬਾਰੇ।

ਹਵਾਲਾ, ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਇਸ ਵਿਭਾਗ ਵਲੋਂ ਜ਼ਮੀਨ ਉਪਲਬਧ ਕਰਵਾਉਣ ਸਬੰਧੀ ਮੀਮੋ ਨੰ:ਆਰ.ਪੀ.1ਚ(1828)-2010/2843 ਮਿਤੀ 20.08.2010 ਰਾਹੀਂ ਪਹਿਲਾਂ ਹੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਚੌਲ ਮਿੱਲ ਮਾਲਕ/ਪਾਰਟਨਰ ਆਪਣੇ ਨਾਮ ਤੇ ਹਦਾਇਤਾਂ ਵਿੱਚ ਦਰਸਾਈ ਜ਼ਮੀਨ ਆਪਣੇ/ਆਪਣੇ ਭਾਈਵਾਲਾਂ ਦੇ ਨਾਮ ਉੱਤੇ, ਜੋ ਵੀ ਹੋਵੇ, ਰਜਿਸਟਰਡ ਕਰਵਾਏਗਾ ਅਤੇ ਇਸ ਸਬੰਧੀ ਸੂਚਨਾ ਸਰਕਾਰ ਨੂੰ ਪੇਸ਼ ਕਰੇਗਾ। ਇਹ ਜ਼ਮੀਨ ਹਰ ਮਿੱਲ ਮਾਲਕ ਉੱਥੇ ਹੀ ਉਪਲਬਧ ਕਰਵਾਏਗਾ ਜਿੱਥੇ ਉਸਦੀ ਰਾਈਸ ਮਿੱਲ ਸਥਾਪਿਤ ਹੈ। ਇਸ ਲਈ ਸਮੂਹ ਜ਼ਿਲਾ ਕੰਟਰੋਲਰਜ਼ ਨੂੰ ਹਦਾਇਤ ਕੀਤੀ ਜਾ ਚੁੱਕੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਕਿਸੇ ਵੀ ਰਾਈਸ ਮਿੱਲ ਪਾਸ ਜ਼ਮੀਨ ਲੀਜ਼ ਜਾਂ ਕਿਰਾਏ ਉੱਤੇ ਨਾ ਹੋਵੇ। ਬਲਕਿ ਇਹ ਜ਼ਮੀਨ ਮਿੱਲ ਮਾਲਕ/ਮਿੱਲ ਦੇ ਭਾਈਵਾਲਾਂ ਦੇ ਨਾਮ ਉੱਤੇ ਹੋਣੀ ਚਾਹੀਦੀ ਹੈ। ਇਸ ਸਬੰਧੀ ਉੱਕਤ ਪੱਤਰਾਂ ਦਾ ਹਵਾਲਾ ਦਿੰਦੇ ਹੋਏ ਉਪਬੰਧ ਖਰੀਫ ਸੀਜ਼ਨ 2018-19 ਦੀ ਕਸਟਮ ਮਿਲਿੰਗ ਪਾਲਿਸੀ ਦੀ ਧਾਰਾ 4 (xi) ਵਿੱਚ ਪਹਿਲਾਂ ਹੀ ਸ਼ਾਮਿਲ ਕੀਤਾ ਜਾ ਚੁੱਕਾ ਹੈ।

3. ਇਸ ਤੋਂ ਇਲਾਵਾ ਪਟੇ ਤੇ ਲਈ ਗਈ ਸਰਕਾਰੀ/ਗੈਰ-ਸਰਕਾਰੀ ਜ਼ਮੀਨਾਂ ਤੇ ਨਵੇਂ ਸ਼ੈਲਰ ਸਥਾਪਿਤ ਨਾ ਕਰਨ ਸਬੰਧੀ ਹਦਾਇਤਾਂ ਇਸ ਵਿਭਾਗ ਦੇ ਪੱਤਰ ਨੰ:ਆਰ.ਪੀ.2ਚ-2013/2910 ਮਿਤੀ 13.08.2013 ਰਾਹੀਂ ਪਹਿਲਾਂ ਹੀ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਕਿ ਪੰਜਾਬ ਰਾਜ ਵਿੱਚ ਨਵਾਂ ਸ਼ੈਲਰ ਸਥਾਪਿਤ ਕਰਨ ਲਈ ਆਪਣੀ ਮਾਲਕੀ ਦੀ ਜ਼ਮੀਨ ਹੋਣੀ ਚਾਹੀਦੀ ਹੈ। ਕਿਸੇ ਵਿਅਕਤੀ/ਸਰਕਾਰੀ/ਗੈਰ-ਸਰਕਾਰੀ ਜ਼ਮੀਨ ਨੂੰ ਕਿਸੇ ਫਰਮ/ਵਿਅਕਤੀ ਵਲੋਂ ਜੇਕਰ ਪਟੇ ਤੇ ਲੈਕੇ ਨਵਾਂ ਸ਼ੈਲਰ ਸਥਾਪਿਤ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ ਤਾਂ ਉਸਨੂੰ ਮੌਕੇ ਤੇ ਖਾਰਜ ਕਰ ਦਿੱਤਾ ਜਾਵੇ ਅਤੇ ਕੋਈ ਵੀ ਅਜਿਹਾ ਕੇਸ ਮੁੱਖ ਦਫਤਰ ਵਿਖੇ ਨਾ ਭੇਜਿਆ ਜਾਵੇ। ਇਸ ਤੋਂ ਇਲਾਵਾ ਜਿਹੜੇ ਸ਼ੈਲਰ 13.08.2013 ਤੋਂ ਪਹਿਲਾਂ ਹੀ ਸਾਰੀ ਜ਼ਮੀਨ ਪਟੇ ਤੇ ਲੈਕੇ ਵਿਭਾਗ ਪਾਸ ਰਜਿਸਟਰਡ ਚੱਲ ਰਹੇ ਹਨ, ਉਸ ਸਬੰਧੀ ਸਾਲ 2018-19 ਦੀ ਕਸਟਮ ਮਿਲਿੰਗ ਪਾਲਿਸੀ ਦੀ ਧਾਰਾ 3 (a) (i) (a) ਵਿੱਚ ਪਹਿਲਾਂ ਹੀ ਹੇਠ ਅਨੁਸਾਰ ਉਪਬੰਧ ਹੈ-

> "The person seeking registration shall ensure that the mill owned/leased is situated in the State of Punjab, comprising of a **plot/land area** duly owned/**leased by it**, having an electricity load and connection as well as the necessary plant & Machinery as required by the Department's Notifications/letters issued from time to time and shall submit along with the application documentation in support thereof to the satisfaction of the Department."

4. ਇਸ ਲਈ ਆਪਨੂੰ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਹੜੇ ਸ਼ੈਲਰ 13.08.2013 ਤੋਂ ਪਹਿਲਾਂ ਹੀ ਸਾਰੀ ਜ਼ਮੀਨ ਪਟੇ ਤੇ ਲੈਕੇ ਵਿਭਾਗ ਪਾਸ ਰਜਿਸਟਰਡ ਚੱਲ ਰਹੇ ਹਨ, ਉਨ੍ਹਾਂ ਨੂੰ ਉਕਤ ਧਾਰਾ ਅਧੀਨ ਕਵਰ ਕਰਦੇ ਹੋਏ ਬਤੌਰ ਲੀਜ਼ੀ ਮਿੱਲ ਮੰਨਦੇ ਹੋਏ ਉਨ੍ਹਾਂ ਤੋਂ ਸਾਲ 2018-19 ਦੀ ਕਸਟਮ ਮਿਲਿੰਗ ਪਾਲਿਸੀ ਦੀ ਧਾਰਾ 6 ਅਨੁਸਾਰ ਲੀਜ਼ੀ ਮਿੱਲਾਂ ਵਾਲੀਆਂ ਸਾਰੀਆਂ ਫਾਰਮੈਲਿਟੀਜ਼ ਪੂਰੀਆਂ ਕਰਵਾਉਂਦੇ ਹੋਏ ਹੀ ਅਲਾਟਮੈਂਟ ਕੀਤੀ ਜਾਵੇਗੀ। ਪਰੰਤੂ ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ 13.08.2013 ਤੋਂ ਪਹਿਲਾਂ ਦੇ ਪਟੇ ਦੀ ਜ਼ਮੀਨ ਤੇ ਚੱਲਦੇ ਸ਼ੈਲਰਾਂ ਦੀ ਜ਼ਮੀਨ ਦੇ ਪਟੇ ਦੀ ਮਿਆਦ ਵੈਲਿਡ ਹੋਣੀ ਚਾਹੀਦੀ ਹੈ ਅਤੇ ਜਿਸ ਸ਼ੈਲਰ ਦਾ ਪਟਾ ਖਤਮ ਹੋ ਚੁੱਕਾ ਹੈ, ਉਸ ਨੂੰ ਇਸ ਹਦਾਇਤ ਅਧੀਨ ਨਹੀਂ ਵਿਚਾਰਿਆ ਜਾਵੇਗਾ।

5. ਉੱਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

(ਨੱਥੀ-2)

ਡਿਪਟੀ ਡਾਇਰੈਕਟਰ (ਚੌਲ)
ਵਾ:ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼
ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ।

Scanned by CamScanner

ਵਲੋਂ

ਡਾਇਰੈਕਟਰ ਖੁਰਾਕ ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ ਪੰਜਾਬ।

ਸੇਵਾ ਵਿਖੇ

ਸਮੂਹ ਜਿਲਾ ਕੰਟਰੋਲਰਜ
ਖੁਰਾਕ ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ,
ਪੰਜਾਬ ਰਾਜ ਵਿਚ।

ਮੀਮੋ ਨੰ: ਆਰ.ਪੀ. 1ਚੰ(1828)-2010/ 2843
ਮਿਤੀ ਚੰਡੀਗੜ੍ਹ 20-8-10

ਵਿਸ਼ਾ: ਪੰਜਾਬ ਰਾਜ ਵਿਚ ਰਾਈਸ ਮਿਲਾਂ ਦੀ ਮਿਲਿੰਗ ਕਪੈਸਟੀ ਨਿਰਧਾਰਤ ਕਰਨ ਸਬੰਧੀ ਹਦਾਇਤਾਂ।

ਹਵਾਲਾ ਉਪਰੋਕਤ ਵਿਸ਼ੇ ਤੇ ਮੁੱਖ ਦਫਤਰ ਦਾ ਮੀਮੋ ਨੰ: 1ਚ(1828)-07/ 2823 ਮਿਤੀ 10-9-2007 ਅਤੇ ਨੰ: 2871 ਮਿਤੀ 17-9-2007 ਦੀ ਨਿਰੰਤਰਤਾ ਦੇ ਸਬੰਧ ਵਿਚ।

3 ਹਵਾਲੇ ਅਧੀਨ ਪੱਤਰਾਂ ਦੁਆਰਾ ਰਾਈਸ ਮਿੱਲਾਂ ਦੀ ਮਿਲਿੰਗ ਕਪੈਸਟੀ ਨਿਰਧਾਰਿਤ ਕਰਨ ਲਈ ਜਾਰੀ ਕੀਤੀਆਂ ਗਈਆਂ ਗਾਈਡਲਾਈਨਜ਼ ਵਿਚ ਹੋਰਨਾਂ ਮਾਪਦੰਡਾਂ ਤੋਂ ਇਲਾਵਾ ਇਹ ਵੀ ਮਾਪਦੰਡ ਹੈ ਕਿ ਹਰ ਰਾਈਸ ਮਿੱਲ ਆਪਣੀ ਰਾਈਸ ਮਿੱਲ ਲਈ ਹਦਾਇਤਾਂ ਵਿਚ ਨਿਰਧਾਰਿਤ ਮਿਕਦਾਰ ਵਿਚ ਜ਼ਮੀਨ ਆਪਣੀ ਮਿੱਲ ਦੇ ਨਜ਼ਦੀਕ ਉਪਲਬਧ ਕਰਵਾਏਗਾ। ਪਰੰਤੂ ਇਸ ਵਿਚ ਇਸ ਗੱਲ ਦੀ ਹਦਾਇਤ ਕੀਤੀ ਗਈ ਸੀ ਕਿ ਜੇਕਰ ਕਿਸੇ ਮਿੱਲ ਮਾਲਕ ਪਾਸ ਇਨ੍ਹਾਂ ਮਾਪਦੰਡਾਂ ਅਨੁਸਾਰ ਲੋੜੀਦੀ ਜਮੀਨ ਆਪਣੀ ਮਿੱਲ ਦੇ ਨਜ਼ਦੀਕ ਉਂਪਲਬਧ ਨਹੀ ਹੈ, ਤਾਂ ਉਹ ਇਸ ਗੱਲ ਲਈ ਪਾਬੰਦ ਹੋਵੇਗਾ ਕਿ ਇਹ ਲੋੜੀਦੀ ਜ਼ਮੀਨ ਆਪਣੀ ਮਿੱਲ ਦੇ ਨਜ਼ਦੀਕ ਕਿਰਾਏ ਤੇ ਜਾਂ ਮੁੱਲ ਖਰੀਦ ਕੇ ਪੂਰੀ ਕਰੇਗਾ।

4. ਹੁਣ ਸਰਕਾਰ ਵੱਲੋ ਇਹ ਫੈਸਲਾ ਲਿਆ ਗਿਆ ਹੈ ਕਿ ਹਰ ਚੌਲ ਮਿੱਲ ਮਾਲਕ/ਪਾਰਟਨਰ ਆਪਣੇ ਨਾਮ ਉੱਤੇ ਹਦਾਇਤਾਂ ਵਿਚ ਦਰਸਾਈ ਇਹ ਜ਼ਮੀਨ ਆਪਣੇ ਨਾਮ/ਆਪਣੇ ਭਾਈਵਾਲਾਂ ਦੇ ਨਾਮ ਉੱਤੇ, ਜੋ ਵੀ ਹੋਵੇ, ਰਜਿਸਟਰਡ ਕਰਵਾਏਗਾ ਅਤੇ ਇਸ ਸਬੰਧੀ ਸੂਚਨਾਂ ਸਰਕਾਰ ਨੂੰ ਪੇਸ਼ ਕਰੇਗਾ। ਇਹ ਜ਼ਮੀਨ ਹਰ ਮਿੱਲ ਮਾਲਕ ਉਥੇ ਹੀ ਉਪਲਬਧ ਕਰਵਾਏਗਾ ਜਿਥੇ ਉਸ ਦੀ ਰਾਈਸ ਮਿੱਲ ਸਥਾਪਤ ਹੈ।

5 ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਇਸ ਗੱਲ ਨੂੰ ਯਕੀਨੀ ਬਣਾਉ ਕਿ ਕਿਸੇ ਵੀ ਰਾਈਸ ਮਿੱਲ ਪਾਸ ਜ਼ਮੀਨ ਲੀਜ਼ ਜਾਂ ਕਿਰਾਏ ਉੱਤੇ ਨਾ ਹੋਵੇ। ਬਲਕਿ ਇਹ ਜਮੀਨ ਮਿੱਲ ਮਾਲਕ/ਮਿੱਲ ਦੇ ਭਾਈਵਾਲਾ ਦੇ ਨਾਮ ਉੱਤੇ ਰਜਿਸਟਰਡ ਹੋਣੀ ਚਾਹੀਦੀ ਹੈ।

ਉਪਰੋਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਸੰਯੁਕਤ ਡਾਇਰੈਕਟਰ(ਚੌਲ)
ਵਾ: ਡਾਇਰੈਕਟਰ ਖੁਰਾਕ ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ ਪੰਜਾਬ

ਪਿੱਠ ਅੰਕਣ ਨੰ: 1ਚ(2154)-10/ 2844 ਮਿਤੀ ਚੰਡੀਗੜ੍ਹ 20-8-10

ਉਪਰੋਕਤ ਦਾ ਉਤਾਰਾ ਡਿਪਟੀ ਡਾਇਰੈਕਟਰ(ਫੀਲਡ) ਖੁਰਾਕ ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਫਿਰੋਜਪੁਰ ਜਲੰਧਰ ਅਤੇ ਪਟਿਆਲਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

Scanned by CamScanner

Scanned by CamScanner

ਵਲੋਂ

ਕਮਿਸ਼ਨਰ, ਖੁਰਾਕ ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ, ਪੰਜਾਬ।

ਸੇਵਾ ਵਿਚ

ਸਮੂਹ ਜਿਲ੍ਹਾ ਕੰਟਰੋਲਰ,
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ,
ਪੰਜਾਬ ਰਾਜ ਵਿਚ।

ਮੀਮੋ ਨੰ: ਆਰ.ਪੀ.2ਚ-2013/ 2910
ਮਿਤੀ, ਚੰਡੀਗੜ੍ਹ 13/8/13

ਵਿਸ਼ਾ : ਪੱਟੇ ਤੇ ਲਈ ਗਈਆਂ ਸਰਕਾਰੀ/ਗੈਰ ਸਰਕਾਰੀ ਜ਼ਮੀਨਾਂ ਤੇ ਨਵੇਂ ਸੈਲਰ ਸਥਾਪਤ ਨਾ ਕਰਨ ਸਬੰਧੀ ਹਦਾਇਤਾਂ ਜਾਰੀ ਕਰਨ ਬਾਰੇ।

13/8/13

ਹਵਾਲਾ, ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2. ਵਿਭਾਗ ਵਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਪੰਜਾਬ ਰਾਜ ਵਿਚ ਨਵਾਂ ਸੈਲਰ ਸਥਾਪਤ ਕਰਨ ਲਈ ਆਪਣੀ ਮਾਲਕੀ ਦੀ ਜਮੀਨ ਹੋਣੀ ਚਾਹੀਦੀ ਹੈ। ਕਿਸੇ ਵਿਅਕਤੀ/ਸਰਕਾਰੀ/ਗੈਰ ਸਰਕਾਰੀ ਜਮੀਨ ਨੂੰ ਕਿਸੇ ਫਰਮ/ਵਿਅਕਤੀ ਵਲੋਂ ਜੇਕਰ ਪੱਟੇ ਤੇ ਲੈ ਕੇ ਨਵਾਂ ਸੈਲਰ ਸਥਾਪਤ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ ਤਾਂ ਉਸ ਨੂੰ ਮੌਕੇ ਤੇ ਖਾਰਜ ਕਰ ਦਿੱਤਾ ਜਾਵੇ ਅਤੇ ਕੋਈ ਵੀ ਅਜਿਹਾ ਕੇਸ ਮੁੱਖ ਦਫਤਰ ਵਿਖੇ ਨਾ ਭੇਜਿਆ ਜਾਵੇ।

ਇਸ ਫੈਸਲਾ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

13.8.2013
ਐਡੀਸ਼ਨਲ ਡਾਇਰੈਕਟਰ (ਚੌਲ)

Scanned by CamScanner